# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
## ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34 ਏ, ਚੰਡੀਗੜ੍ਹ

| **ਟੈਲੀਫੋਨ** | **ਫੈਕਸ** | **ਈ-ਮੇਲ** |
|---|---|---|
| 2621104 | 2624687 | ssa.punjab@yahoo.co.in |
| 2621106 | 2623206 | ssa.punjab_egs@yahoo.co.in |
| 2623207 | | egspunjab@gmail.com |


ਵੱਲ:

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ
   ਪੰਜਾਬ।

ਮੀਮੋ ਨੰ: SSA/EGS/AIE/HHS/2010-11/**13-248**
ਮਿੱਤੀ ਚੰਡੀਗੜ੍ਹ: **01-01-2010**

**ਵਿਸ਼ਾ: - ਸਾਲ 2010-11 ਦੀ ਸਲਾਨਾ ਯੋਜਨਾ ਵਾਸਤੇ ਰਾਜ ਦੇ 6-14 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ ਦਾ ਘਰੋਂ-ਘਰੀ ਸਿੱਖਿਆ ਸਰਵੇਖਣ ਕਰਵਾਉਣ ਲਈ ਦਿਸ਼ਾ ਨਿਰਦੇਸ਼।**

**ਹਵਾਲਾ:-** ਮੀਮੋ ਨੰ: SSA/EGS/AIE/HHS/2010-11/80469-80489
ਮਿੱਤੀ ਚੰਡੀਗੜ੍ਹ: 18-12-2009

**1.0** ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਨੂੰ ਵੇਖਣ ਦੀ ਖੇਚਲ ਕੀਤੀ ਜਾਵੇ।

**2.0** ਜਿਵੇਂ ਆਪ ਜੀ ਨੂੰ ਪਤਾ ਹੀ ਹੈ ਕਿ ਸਾਲ 2010-11 ਦੀ ਸਲਾਨਾ ਯੋਜਨਾ ਨੂੰ ਤਿਆਰ ਕਰਨ ਵਾਸਤੇ ਰਾਜ ਵਿਚ ਸਕੂਲੋਂ ਵਿਰਵੇਂ ਬੱਚਿਆਂ ਦੀ ਸ਼ਨਾਖਤ ਕਰਨ ਲਈ ਘਰੋਂ-ਘਰੀ ਸਿੱਖਿਆ ਸਰਵੇਖਣ ਪ੍ਰਥਮ ਵਲੰਟੀਅਰ ਅਤੇ ਏ.ਆਈ.ਈ ਵਲੰਟੀਅਰ ਦੇ ਸਹਿਯੋਗ ਨਾਲ ਮਿਤੀ: 23-12-2009 ਤੋਂ 31-12-2009 ਤੱਕ ਕੀਤਾ ਜਾਣਾ ਸੀ। ਉਮੀਦ ਹੈ ਕਿ ਸਮੂਹ ਜ਼ਿਲ੍ਹਿਆਂ ਵਿਚ ਇਹ ਪ੍ਰਕ੍ਰਿਆ ਪੂਰੀ ਹੋ ਚੁਕੀ ਹੋਵੇਗੀ।

**3.0** ਆਪ ਨੂੰ ਇਹ ਵੀ ਪਤਾ ਹੈ ਕਿ ਸਮੇਂ ਸਾਰਨੀ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਮਿਤੀ 1-1-2010 ਤੋਂ 6-1-2010 ਤੱਕ ਸਕੂਲ ਮੁੱਖੀ ਵਲੋਂ ਪ੍ਰਥਮ ਵਲੰਟੀਅਰ ਪਾਸੋਂ ਸਰਵੇਖਣ ਰਿਪੋਰਟ ਪ੍ਰਾਪਤ ਕਰਕੇ ਸਮੂਚੇ ਸਕੂਲੋਂ ਵਿਰਵੇ ਬੱਚਿਆਂ ਦਾ ਇੰਦਰਾਜ ਲਾਜ਼ਮੀ/ਪੇਂਡੂ/ਵਾਰਡ ਸਿੱਖਿਆ ਰਜਿਸਟਰ ਵਿਚ ਕੀਤਾ ਜਾਣਾ ਹੈ। ਇਸ ਉਪਰੰਤ ਮਿਤੀ 7-1-2010 ਤੱਕ ਸਬੰਧਤ ਬੀ.ਆਰ.ਪੀ ਵਲੋਂ ਸਕੂਲ ਮੁੱਖੀਆਂ ਤੋਂ ਸਰਵੇਖਣ ਸਮਰੀ ਪ੍ਰਾਪਤ ਕਰਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੇ ਦਫ਼ਤਰ ਵਿਖੇ ਜਮਾਂ ਕਰਵਾਈ ਜਾਣੀ ਹੈ।

**4.0** ਡਾਟਾ ਐਂਟਰੀ ਦਾ ਕੰਮ ਯੋਗ ਬਲਾਕ ਪ੍ਰੋਜੈਕਟ ਕੋਆਰਡੀਨੇਟਰ(BPC) ਅਤੇ ਬਲਾਕ ਆਫਿਸ ਅਸਿਟੈਂਟ(BOA) ਦੀਆਂ ਸੇਵਾਵਾਂ ਲੈ ਕੇ ਮਿਤੀ 12-1-2010 ਤੱਕ ਨੇਪਰੇ ਚਾੜ੍ਹਿਆ ਜਾਣਾ ਹੈ। ਇਸ ਉਪਰੰਤ ਸਮਰੀ ਰਿਪੋਰਟ ਜ਼ਿ.ਸਿ.ਅ(ਐ.ਸਿ) ਨੂੰ ਮਿਤੀ 13-1-2010 ਨੂੰ e-mail ਕਰਵਾ ਦਿੱਤੀ ਜਾਵੇ।

**5.0** ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਪਾਸੋਂ ਸਰਵੇਖਣ ਸਮਰੀ ਰਿਪੋਰਟਾਂ ਇੱਕਤਰ ਕਰਕੇ ਜ਼ਿਲ੍ਹਾਵਾਰ summarized ਰਿਪੋਰਟ ਮਿਤੀ 15-01-2009 ਤੱਕ ਤਿਆਰ ਕਰਕੇ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

**6.0** ਸਮੂਚੇ ਕੰਮ ਨੂੰ ਸਮੇਂ ਸਿਰ ਕਰਨਾ ਯਕੀਨੀ ਬਣਾਇਆ ਜਾਵੇ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਐਸ.ਏ, ਪੰਜਾਬ**

ਪਿੱਠ ਅੰਕਣ ਨੰ**:** SSA/EGS/AIE/HHS/2010-11/249 ਮਿਤੀ: 01-10-2010

ਉਪਰੋਕਤ ਦਾ ਉਤਾਰਾ ਰਾਜ ਪ੍ਰਥਮ ਕੋਆਰਡੀਨੇਟਰ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਐਸ.ਏ, ਪੰਜਾਬ**